# ਮਾਲਕਾਂ ਲਈ ਬਰਡ ਫਲੂ ਨਾਲ ਸੰਬੰਧਿਤ ਜਾਣਕਾਰੀ

ਬਰਡ ਫਲੂ, ਜੋ ਕਿ ਏਵੀਅਨ ਇਨਫਲੂਐਂਜ਼ਾ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ, ਇੱਕ ਅਜਿਹੀ ਬੀਮਾਰੀ ਹੈ ਜੋ ਮੁੱਖ ਤੌਰ 'ਤੇ ਪੰਛੀਆਂ ਅਤੇ ਜਾਨਵਰਾਂ ਨੂੰ ਪ੍ਰਭਾਵਿਤ ਕਰਦੀ ਹੈ, ਪਰ ਇਹ ਮਨੁੱਖਾਂ ਨੂੰ ਵੀ ਇਨਫੈਕਟ ਕਰ ਸਕਦੀ ਹੈ।

ਉਹ ਵਰਕਰ ਜੋ ਪੰਛੀਆਂ, ਜਾਨਵਰਾਂ ਜਾਂ ਡੇਅਰੀ ਗਾਵਾਂ ਨਾਲ ਸੰਪਰਕ ਵਿੱਚ ਆਉਂਦੇ ਹਨ ਜਿਨ੍ਹਾਂ ਨੂੰ ਬਰਡ ਫਲੂ ਹੋਇਆ ਹੋਇਆ ਹੈ, ਉਹ ਵਰਕਰ ਬਰਡ ਫਲੂ ਦੇ ਖਤਰੇ ਵਿੱਚ ਹੁੰਦੇ ਹਨ।

ਮਨੁੱਖਾਂ ਵਿੱਚ ਇਨਫੈਕਸ਼ਨ ਦੇ ਲੱਛਣ ਇਹ ਹੋ ਸਕਦੇ ਹਨ:

- ਅੱਖਾਂ ਲਾਲ ਹੋਣਾ ਜਾਂ ਪਾਣੀ ਵਹਿਣਾ
- ਬੁਖਾਰ (100°F ਜਾਂ ਜ਼ਿਆਦਾ)
- ਥਕਾਵਟ
- ਖੰਘ
- ਮਾਸਪੇਸ਼ੀਆਂ ਜਾਂ ਸਰੀਰ ਵਿੱਚ ਦਰਦ
- ਗਲੇ ਵਿਚ ਖਰਾਸ਼
- ਜੀ ਕੱਚਾ ਹੋਣਾ ਜਾਂ ਉਲਟੀ ਆਉਣੀ
- ਦਸਤ
- ਨੱਕ ਬੰਦ ਜਾਂ ਵਹਿਣਾ
- ਸਿਰ ਦਰਦ
- ਸਾਹ ਲੈਣ ਵਿਚ ਪਰੇਸ਼ਾਨੀ ਜਾਂ ਔਖਾ ਸਾਹ ਆਉਣਾ
- ਨਿਊਮੋਨੀਆ (ਫੇਫੜਾਂ ਦੀ ਇੰਫੈਕਸ਼ਨ)

ਮਾਲਕਾਂ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਆਪਣੇ ਵਰਕਰਾਂ ਲਈ ਇੱਕ ਸੁਰੱਖਿਅਤ ਅਤੇ ਸਿਹਤਮੰਦ ਕਾਰਜਸਥਲ ਬਣਾਉਣ। ਮਾਲਕਾਂ ਨੂੰ ਆਪਣੇ ਵਰਕਰਾਂ ਨੂੰ ਬਰਡ ਫਲੂ ਨਾਲ ਸੰਪਰਕ ਦੇ ਖਤਰੇ ਤੋਂ ਬਚਾਉਣਾ ਪੈਂਦਾ ਹੈ, ਜੋ ਕੰਮ ਕਰਦਿਆਂ ਹੋ ਸਕਦਾ ਹੈ। ਹੇਠਾਂ ਕੈਲਿਫੋਰਨੀਆ ਕੋਡ ਆਫ ਰੈਗੂਲੇਸ਼ਨਜ਼, ਟਾਈਟਲ 8, ਉਹ ਸੈਕਸ਼ਨ ਦਿੱਤੇ ਗਏ ਹਨ ਜੋ ਬਰਡ ਫਲੂ ਦੀ ਰੋਕਥਾਮ ਅਤੇ ਸੰਪਰਕ ਨਾਲ ਸੰਬੰਧਿਤ ਹਨ ਅਤੇ ਜਿਨ੍ਹਾਂ ਦੀ ਮਾਲਕ ਪਾਲਣਾ ਕਰਨ।

## ਜ਼ਰੂਰੀ ਪ੍ਰੋਗਰਾਮ

ਮਾਲਕ ਕੁਝ ਖਾਸ ਲਿਖਤ ਪ੍ਰੋਗਰਾਮ ਦੀਆਂ ਲੋੜਾਂ ਨੂੰ ਬਣਾਉਣ, ਚਲਾਉਣ, ਅਤੇ ਅੱਪਡੇਟ ਕਰਦੇ ਰਹਿਣ:

- **ਸੈਕਸ਼ਨ 5199.1**: ਇਹ ਯਕੀਨੀ ਬਣਾਓ ਕਿ



  - ਕੰਮ ਦੀ ਜਗ੍ਹਾ ਦਾ ਸੇਫ਼ਟੀ ਪ੍ਰੋਗਰਾਮ, ਜਿਸਨੂੰ Injury and Illness Prevention Program (IIPP) ਕਿਹਾ ਜਾਂਦਾ ਹੈ, ਵਿਚ ਉਹ ਤਰੀਕੇ ਹੋਣ ਜੋ ਵਰਕਰਾਂ ਨੂੰ ਜ਼ੂਨੋਟਿਕ ਐਰੋਸੋਲ ਟ੍ਰਾਂਸਮਿਸਿਬਲ ਬਿਮਾਰੀਆਂ (ATDs) ਬਿਮਾਰੀਆਂ ਤੋਂ ਬਚਾਉਣ ਵਿੱਚ ਮਦਦ ਕਰਨ। ਇਹ ਜਾਨਵਰਾਂ ਤੋਂ ਹੋਣ ਵਾਲੀਆਂ ਬਿਮਾਰੀਆਂ ਹਨ ਜੋ ਲੋਕਾਂ ਨੂੰ ਛਿੱਟੀਆਂ ਜਾਂ ਹਵਾ ਵਿੱਚ ਉੱਡ ਰਹੇ ਬਹੁਤ ਛੋਟੇ ਕਣਾਂ ਅਤੇ ਬੂੰਦਾਂ ਰਾਹੀਂ ਲੱਗ ਸਕਦੀਆਂ ਹਨ।
  - ਜਦੋਂ ਕੰਮ ਦੀ ਜਗ੍ਹਾ 'ਤੇ ਕਵਾਰੰਟਾਈਨ ਲਾਗੂ ਹੋਵੇ ਜਾਂ ਹੋਰ ਸੁਰੱਖਿਆ ਦੇ ਹੁਕਮ ਚੱਲ ਰਹੇ ਹੋਣ, ਤਾਂ ਵਰਕਰਾਂ ਲਈ ਹੋਰ ਵੱਧ ਸੇਫ਼ਟੀ ਦੇ ਤਰੀਕੇ ਜਰੂਰੀ ਹੁੰਦੇ ਹਨ, ਭਾਵੇਂ ਉੱਥੇ ਬੀਮਾਰ ਜਾਨਵਰ ਨਾ ਹੋਣ।
  - ਜਿੱਥੇ ਬੀਮਾਰ ਜਾਨਵਰ ਜਾਂ ਉਨ੍ਹਾਂ ਦਾ ਮਲ - ਮੂਤਰ ਹੋਵੇ, ਉਥੇ ਵਰਕਰਾਂ ਲਈ ਹੋਰ ਵੀ ਬਹੁਤ ਸਖ਼ਤ ਅਤੇ ਸੁਰੱਖਿਅਤ ਤਰੀਕੇ ਉਪਾਅ ਲਾਗੂ ਕਰਨੇ ਪੈਂਦੇ ਹਨ। ਜਿਵੇਂ ਕਿ, ਇਹ ਉਦੋਂ ਲਾਗੂ ਹੁੰਦਾ ਹੈ ਜਦੋਂ ਵਰਕਰਾਂ ਦਾ ਸੰਪਰਕ ਬਰਡ ਫਲੂ ਨਾਲ ਬੀਮਾਰ ਗਾਂਵਾਂ ਨਾਲ ਹੋਵੇ, ਉਨ੍ਹਾਂ ਤੋਂ ਆ ਰਹੇ ਦੁੱਧ ਨਾਲ ਹੋਵੇ, ਜਾਂ ਬੀਮਾਰ ਪੋਲਟਰੀ ਮੁਰਗੀਆਂ ਨਾਲ ਜਾਂ ਜੰਗਲੀ ਜਾਨਵਰਾਂ ਨਾਲ ਹੋਵੇ। ਬੀਮਾਰ ਗਾਂਵਾਂ ਦਾ ਕੱਚਾ ਦੁੱਧ ਬਰਡ ਫਲੂ ਵਾਇਰਸ ਨਾਲ ਭਰਪੂਰ ਹੁੰਦਾ ਹੈ।
- **ਸੈਕਸ਼ਨ 3203**: ਇੱਕ ਚੰਗਾ, ਪ੍ਰਭਾਵਸ਼ਾਲੀ ਲਿਖਤੀ ਵਰਕਪਲੇਸ ਸੇਫਟੀ ਅਤੇ ਬਿਮਾਰੀ ਬਚਾਅ ਪ੍ਰੋਗਰਾਮ (IIPP) ਬਣਾਓ, ਲਾਗੂ ਕਰੋ ਅਤੇ ਚੰਗੀ ਤਰ੍ਹਾਂ ਬਣਾਏ ਰੱਖੋ।
- **ਸੈਕਸ਼ਨ 5144**: ਇੱਕ ਚੰਗਾ, ਪ੍ਰਭਾਵਸ਼ਾਲੀ ਸਾਹ ਦੀ ਸੁਰੱਖਿਆ ਵਾਸਤੇ ਪ੍ਰੋਗਰਾਮ ਬਣਾਓ ਅਤੇ ਲਾਗੂ ਕਰੋ, ਜਿਸ ਵਿੱਚ ਕੰਮ ਦੀ ਜਗ੍ਹਾ ਦੇ ਤਰੀਕੇ ਅਤੇ ਰੈਸਪੀਰੇਟਰ ਦੀ ਵਰਤੋਂ ਲਈ ਸਾਰੀਆਂ ਜਰੂਰੀ ਗੱਲਾਂ ਸ਼ਾਮਲ ਹੋਣ।

(ਅਗਲੇ ਪੰਨੇ ਤੇ ਜਾਰੀ ਹੈ)

## ਸੁਰੱਖਿਆ ਉਪਕਰਨ ਅਤੇ ਨਿਯੰਤਰਣ ਤਰੀਕੇ

- ਸੈਕਸ਼ਨ 3380 ਤੋਂ 3387 ਅਤੇ 5199.1: ਵਰਕਰਾਂ ਨੂੰ ਇਹੋ ਜਿਹੇ ਪਰਸਨਲ ਪ੍ਰੋਟੈਕਟਿਵ ਸਾਜ਼ੋ - ਸਮਾਨ (PPE) ਦਿਓ ਜੋ ਉਹਨਾਂ ਨੂੰ ਜਿਸ ਤਰ੍ਹਾਂ ਦੇ ਖ਼ਤਰਿਆਂ ਦਾ ਸਾਹਮਣਾ ਹੋ ਰਿਹਾ ਹੈ, ਉਹਨਾਂ ਲਈ ਬਿਲਕੁਲ ਠੀਕ ਹੋਵੇ:o:
    - ਸਿਰ
    - ਅੱਖਾਂ ਅਤੇ ਮੂੰਹ
    - ਨੱਕ ਅਤੇ ਮੂੰਹ
    - ਸਰੀਰ
    - ਹੱਥ
    - ਪੈਰ
- ਸੈਕਸ਼ਨ 5141 ਅਤੇ 5199.1: ਵਰਕਰਾਂ ਦੀ ਸਿਹਤ 'ਤੇ ਬੁਰੇ ਅਸਰ ਪਾ ਸਕਣ ਵਾਲੀਆਂ ਚੀਜ਼ਾਂ ਤੋਂ ਉਨ੍ਹਾਂ ਦੀ ਸੁਰੱਖਿਆ ਕਰਨੀ ਚਾਹੀਦੀ ਹੈ।
- ਸੈਕਸ਼ਨ 5192 ਅਤੇ 5199.1: ਜਿਹੜੇ ਵਰਕਰ ਮਰੇ ਹੋਏ ਪਸ਼ੂਆਂ ਜਾਂ ਉਨ੍ਹਾਂ ਦੇ ਮਿਲ - ਮੂਤਰ ਨੂੰ ਸਾਫ ਜਾਂ ਡਿਸਪੋਜ਼ ਕਰਦੇ ਹਨ, ਉਨ੍ਹਾਂ ਲਈ ਚੰਗੀ ਤਰ੍ਹਾਂ ਸਿਖਲਾਈ ਅਤੇ ਸੁਰੱਖਿਆ ਦੇ ਤਰੀਕੇ ਮੁਹੱਈਆ ਕਰਾਉਣੇ ਜਰੂਰੀ ਹਨ।
- ਸੈਕਸ਼ਨ 5221 ਤੋਂ 5223 ਅਤੇ 5199.1: ਉਹ ਵਰਕਰ ਜੋ ਧੂੰਏਂ ਜਾਂ ਧੁੰਦ ਨਾਲ ਜੁੜੇ ਕੰਮ ਕਰਦੇ ਹਨ, ਉਨ੍ਹਾਂ ਲਈ ਚੰਗੀ ਤਰ੍ਹਾਂ ਸਿਖਲਾਈ ਅਤੇ ਸੁਰੱਖਿਆ ਦੇ ਤਰੀਕੇ ਪ੍ਰਦਾਨ ਕਰੋ।

## ਸਾਫ਼-ਸਫਾਈ

- ਸੈਕਸ਼ਨ 3360 ਤੋਂ 3368 ਅਤੇ 5199.1:
  ਜਿੱਥੇ ਲੋੜ ਹੋਵੇ, ਵਰਕਰਾਂ ਨੂੰ ਸਹੀ ਢੰਗ ਨਾਲ ਇਹ ਸਹੂਲਤਾਂ ਦਿਓ:
    - ਪੀਣ ਵਾਲਾ ਪਾਣੀ
    - ਹੱਥ ਧੋਣ ਦੀ ਸਹੂਲਤ
    - ਟਾਇਲਟ
    - ਚੇਂਜ ਰੂਮ
    - ਸ਼ਾਵਰ
    - ਖਾਣ-ਪੀਣ ਲਈ ਖਾਸ ਇਲਾਕੇ



## ਰਿਪੋਰਟਿੰਗ ਅਤੇ ਰਿਕਾਰਡਿੰਗ ਦੀਆਂ ਲੋੜਾਂ

- ਸੈਕਸ਼ਨ 342: ਕੰਮ ਨਾਲ ਜੁੜੇ ਵਰਕਰ ਦੀ ਮੌਤ ਅਤੇ ਗੰਭੀਰ ਜ਼ਖਮਾਂ ਦੀ ਰਿਪੋਰਟ ਕਰੋ। ਨੌਕਰੀ 'ਤੇ ਜਾਂ ਨੌਕਰੀ ਨਾਲ ਜੁੜੇ ਸਥਾਨ ਵਿੱਚ ਕਿਸੇ ਵੀ ਵਰਕਰ ਨੂੰ ਗੰਭੀਰ ਚੋਟ ਜਾਂ ਬੀਮਾਰੀ ਜਾਂ ਮੌਤ (ਜਿਸ ਵਿੱਚ ਬਰਡ ਫਲੂ ਸ਼ਾਮਲ ਹੈ) ਹੁੰਦੀ ਹੈ, ਤਾਂ ਉਸਨੂੰ Cal/OSHA ਨੂੰ ਜਲਦੀ ਰਿਪੋਰਟ ਕਰਨਾ ਮਾਲਕ ਦੀ ਕਾਨੂੰਨੀ ਜ਼ਿੰਮੇਵਾਰੀ ਹੈ। ਵਰਕਰਾਂ ਨੂੰ ਖਤਰਨਾਕ ਸਮੱਗਰੀਆਂ ਅਤੇ ਜ਼ੂਨੋਟਿਕ ਏਰੋਸੋਲ ਟ੍ਰਾਂਸਮੀਸੀਬਲ ਬਿਮਾਰੀਆਂ ਤੋਂ ਬਚਾਉਣ ਲਈ ਮਾਲਕਾਂ ਦੀਆਂ ਜ਼ਿੰਮੇਵਾਰੀਆਂ ਹਨ।
- ਜ਼ੂਨੋਟਿਕ ਬਿਮਾਰੀਆਂ ਉਹ ਹਨ ਜੋ ਪਸ਼ੂਆਂ ਤੋਂ ਮਨੁੱਖਾਂ ਵਿੱਚ ਫੈਲ ਸਕਦੀਆਂ ਹਨ।
- ਐਰੋਸੋਲ ਟ੍ਰਾਂਸਮੀਸੀਬਲ ਬਿਮਾਰੀਆਂ ਉਹ ਹਨ ਜੋ ਛਿੱਟਿਆਂ ਜਾਂ ਹਵਾ ਵਿੱਚ ਫਿਰਦੇ ਛੋਟੇ ਅਤੇ ਅਣਦਿੱਖੇ ਕਣਾਂ ਅਤੇ ਬੂੰਦਾਂ ਦੁਆਰਾ ਫੈਲ ਸਕਦੀਆਂ ਹਨ।
- ਸੈਕਸ਼ਨ 14300: ਸਾਰੀਆਂ ਦਰਜ ਕੀਤੀਆਂ ਜ਼ਖਮਾਂ ਨੂੰ ਰਿਕਾਰਡ ਕਰਨ ਲਈ ਫਾਰਮ 300, 300A, ਅਤੇ 301 ਦੇ ਨਿਯਮਾਂ ਅਨੁਸਾਰ ਦਸਤਾਵੇਜ਼ 'ਤੇ ਚੜ੍ਹਾਇਆ ਜਾਵੇ।

## ਵਰਕਰਾਂ ਵਿੱਚ ਬਰਡ ਫਲੂ ਦੀ ਬਿਮਾਰੀ ਰੋਕਣ ਲਈ ਮਾਲਕਾਂ ਨੂੰ ਕੀ ਕਰਨ ਦੀ ਲੋੜ ਹੈ?

ਮਾਲਕਾਂ ਨੂੰ ਵਰਕਰਾਂ ਨੂੰ ਜ਼ੂਨੋਟਿਕ ਏਰੋਸੋਲ ਟ੍ਰਾਂਸਮੀਸੀਬਲ ਬਿਮਾਰੀਆਂ ਤੋਂ ਬਚਾਉਣ ਲਈ ਸਪਸ਼ਟ ਅਤੇ ਪ੍ਰਭਾਵਸ਼ਾਲੀ ਲਿਖਤੀ ਦਿਸ਼ਾ-ਨਿਰਦੇਸ਼ ਤਿਆਰ ਕਰਕੇ, ਲਾਗੂ ਕਰਨੇ ਚਾਹੀਦੇ ਹਨ ਅਤੇ ਇਸਨੂੰ ਬਰਕਰਾਰ ਰੱਖਣ ਦੀ ਲੋੜ ਹੈ, ਜੋ ਸੈਕਸ਼ਨ 5199.1 ਅਤੇ 3203 ਦੇ ਅਨੁਸਾਰ ਹੋਣੇ ਚਾਹੀਦੇ ਹਨ। ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਵਿੱਚ ਇਹ ਚੀਜ਼ਾਂ ਸ਼ਾਮਲ ਹੋਣੀਆਂ ਚਾਹੀਦੀਆਂ ਹਨ:

- ਸਾਫ - ਸਫਾਈ
- ਕੰਮ ਨਾਲ ਜੁੜੀਆਂ ਚੋਟਾਂ ਅਤੇ ਬੀਮਾਰੀਆਂ ਦੀ ਜਾਂਚ।
- ਮਾਲਕਾਂ ਨੂੰ ਆਪਣੇ ਵਰਕਰਾਂ ਨੂੰ ਉਹ ਸਿਖਲਾਈ ਦੇਣੀ ਚਾਹੀਦੀ ਹੈ ਜੋ ਇਹ ਦੱਸੇ ਕਿ ਕੰਮ 'ਤੇ ਖ਼ਤਰਨਾਕ ਚੀਜ਼ਾਂ ਤੋਂ ਕਿਵੇਂ ਬਚਿਆ ਜਾ ਸਕਦਾ

(ਅਗਲੇ ਪੰਨੇ ਤੇ ਜਾਰੀ ਹੈ)

ਹੈ। ਇਹ ਸਿਖਲਾਈ ਇਸ ਤਰ੍ਹਾਂ ਹੋਣੀ ਚਾਹੀਦੀ ਹੈ ਕਿ ਵਰਕਰਾਂ ਨੂੰ ਸਮਝ ਆ ਜਾਏ, ਜਿਵੇਂ ਉਹਨਾਂ ਦੀ ਸਿੱਖਿਆ, ਸਮਝ ਅਤੇ ਭਾਸ਼ਾ ਦੇ ਅਨੁਸਾਰ।

- ਜਿੱਥੇ ਲਾਗੂ ਹੋਵੇ - ਬਾਇਓਸਿਕਿਉਰਿਟੀ ਅਤੇ ਪਰਸਨਲ ਪ੍ਰੋਟੈਕਟਿਵ ਸਾਜ਼ੋ - ਸਮਾਨ (PPE) ਦੀ ਵਰਤੋਂ।

ਜੇਕਰ ਤੁਹਾਡੇ ਕੰਮ ਦੀ ਜਗ੍ਹਾ 'ਤੇ ਕਵਾਰੰਟੀਨ ਦਾ ਹੁਕਮ, ਗਤੀ-ਰੋਕਥਾਮ ਹੁਕਮ ਜਾਂ ਹੋਰ ਇਨਫੈਕਸ਼ਨ ਕੰਟਰੋਲ ਹੁਕਮ ਲਾਗੂ ਹੁੰਦੇ ਹਨ, ਤਾਂ ਇਨਫੈਕਟਡ ਪਸ਼ੂ ਨਾ ਹੋਣ ਦੇ ਬਾਵਜੂਦ ਵੀ ਵਾਧੂ ਸੁਰੱਖਿਆ ਪ੍ਰੋਟੈਕਸ਼ਨ ਲਾਗੂ ਕਰੋ। ਜੇਕਰ ਇਨਫੈਕਟਡ ਪਸ਼ੂ ਹਨ, ਤਾਂ ਹੋਰ ਸਖ਼ਤ ਅਤੇ ਸੁਰੱਖਿਅਤ ਲੋੜਾਂ ਲਾਗੂ ਹੁੰਦੀਆਂ ਹਨ।

ਲਿਖਤੀ ਪ੍ਰਕਿਰਿਆਵਾਂ, ਨਿਯੰਤਰਣ ਅਤੇ ਕੰਮ ਕਰਨ ਦੇ ਤਰੀਕੇ ਅਪਣਾਓ ਜੋ ਵਰਕਰਾਂ ਦੇ ਸੰਪਰਕ ਨੂੰ ਘਟਾਉਂਦੀਆਂ ਹਨ, ਜਿਸ ਵਿੱਚ ਇਹ ਚੀਜ਼ਾਂ ਸ਼ਾਮਲ ਹੋ ਸਕਦੀਆਂ ਹਨ:

- ਪਰਸਨਲ ਪ੍ਰੋਟੈਕਟਿਵ ਸਾਜ਼ੋ-ਸਮਾਨ (PPE) ਦੀ ਵਰਤੋਂ
  - ਅੱਖਾਂ ਦੀ ਸੁਰੱਖਿਆ
  - ਸਾਹ ਦੀ ਸੁਰੱਖਿਆ (**ਸੈਕਸ਼ਨ 5144** ਦੇ ਅਨੁਸਾਰ ਵਰਤੋਂ)
  - ਕਵਰਆਲਜ਼
  - ਐਪਰਨ
  - ਦਸਤਾਨੇ
  - ਸਿਰ ਦਾ ਕਵਰ
  - ਜੁੱਤਿਆਂ ਦਾ ਕਵਰ
- ਸੁਰੱਖਿਅਤ ਕੰਮ ਕਰਨ ਦੇ ਤਰੀਕੇ, ਜਿਵੇਂ:
  - ਬਰਡ ਫਲੂ ਦੇ ਫੈਲਣ ਦੇ ਖਤਰੇ ਨੂੰ ਘਟਾਉਣ ਲਈ, ਕੰਮਾਂ ਨੂੰ ਇਸ ਤਰੀਕੇ ਨਾਲ ਬਦਲਣਾ ਚਾਹੀਦਾ ਹੈ ਤਾਂ ਜੋ ਏਰੋਸੋਲ (ਛਿੱਟੇ ਅਤੇ ਛੋਟੇ ਕਣ ਜਾਂ ਬੂੰਦਾਂ ਜਿਵੇਂ ਕਿ ਲਾਰ ਜਾਂ ਬਲਗਮ ਜਾਂ ਸ਼ਰੀਰ ਦੇ ਹੋਰ ਤਰਲ ਪਦਾਰਥ ਜਿਨ੍ਹਾਂ ਵਿੱਚ ਬਰਡ ਫਲੂ ਦਾ ਵਾਇਰਸ ਹੋ ਸਕਦਾ ਹੈ) ਘੱਟ ਬਣਨ।
  - ਮ੍ਰਿਤ ਪਸ਼ੂਆਂ ਨੂੰ ਸਹੀ ਢੰਗ ਨਾਲ ਨਿਪਟਾਉਣਾ।
- ਇੰਜੀਨੀਅਰਿੰਗ ਕੰਟਰੋਲ ਦੇ ਤਰੀਕੇ ਨੇ, ਜਿਵੇਂ:
  - ਜਾਨਵਰਾਂ ਦੇ ਬੰਦ ਇਲਾਕਿਆਂ ਵਿੱਚ ਸਕ੍ਰੀਨਾਂ ਲਗਾਉਣਾ ਤਾਂ ਜੋ ਬਿਮਾਰ ਜੰਗਲੀ ਜਾਨਵਰ ਜਾਂ ਚੂਹੇ ਅੰਦਰ ਨਾ ਆ ਸਕਣ।
  - ਸਹੀ ਵੈਂਟਿਲੇਸ਼ਨ ਪ੍ਰਬੰਧ ਵਰਤਣਾ ਤਾਂ ਜੋ ਖਤਰਨਾਕ ਰੋਗ ਜਾਂ ਵਾਇਰਸ ਨੂੰ ਵਰਕਰਾਂ ਦੇ ਕੰਮ ਵਾਲੇ ਖੇਤਰ ਤੋਂ ਹਟਾਇਆ ਜਾ ਸਕੇ।
  - ਬੰਦ ਅਤੇ ਵੈਂਟਿਲੇਟਡ ਕੈਬਿਨੇਟ ਲਗਾਉਣਾ।
  - ਸਿਹਤਮੰਦ ਜਾਨਵਰਾਂ ਨੂੰ ਬਿਮਾਰ ਜਾਨਵਰਾਂ ਤੋਂ ਅਲੱਗ ਰੱਖਣਾ।
  - ਸੁੱਕੀ ਮਿੱਟੀ, ਪਰਾਲੀ, ਜਾਂ ਕੂੜੇ 'ਤੇ ਪਾਣੀ ਛਿੜਕਣਾ ਤਾਂ ਜੋ ਧੂੜ ਨਾ ਉੱਡੇ।
  - ਪਸ਼ੂ ਇਲਾਕਿਆਂ ਨੂੰ ਸਾਫ਼ ਕਰਦਿਆਂ (ਜਿਵੇਂ ਪੰਛੀਆਂ ਦੀ ਬਿੱਠ ਜਾਂ ਪਸ਼ੂਆਂ ਦੇ ਬਾੜੇ) ਪਾਣੀ ਛਿੜਕਣਾ, ਤਾਂ ਜੋ ਸੁੱਕੀ ਸਮੱਗਰੀ ਹਵਾ ਵਿੱਚ ਨਾ ਫੈਲੇ।
- ਸਫਾਈ ਅਤੇ ਬਾਇਓਸੇਕਿਉਰਿਟੀ
  - ਵਾਰ-ਵਾਰ ਹੱਥ ਧੋਵੋ ਅਤੇ ਅੱਖਾਂ, ਨੱਕ ਜਾਂ ਮੂੰਹ ਨੂੰ ਨਾ ਛੂਹੋ।
  - ਜਾਨਵਰਾਂ ਨੂੰ ਨਿਰਧਾਰਿਤ ਇਲਾਕਿਆਂ ਤੱਕ ਸੀਮਤ ਰੱਖੋ।
  - ਜਾਨਵਰਾਂ ਵਾਲੇ ਇਲਾਕਿਆਂ ਵਿੱਚ ਦਾਖਲ ਹੋਣ ਜਾਂ ਬਾਹਰ ਨਿਕਲਣ ਸਮੇਂ ਬੂਟ ਧੋਵੋ ਅਤੇ ਜੁੱਤਿਆਂ ਦੀ ਕਵਰਿੰਗ ਵਰਤੋ।
  - ਜਾਨਵਰਾਂ ਵਾਲੇ ਇਲਾਕਿਆਂ ਵਿੱਚ ਦਾਖਲ ਹੋਣ ਅਤੇ ਬਾਹਰ ਜਾਣ ਲਈ ਚੇਂਜ ਰੂਮ ਅਤੇ ਸ਼ਾਵਰ ਦੀ ਸਹੂਲਤ ਦਿਓ।
  - ਫੈਸਿਲਟੀ ਵਿੱਚ ਆਉਣ-ਜਾਣ ਅਤੇ ਅੰਦਰਲੇ ਇਲਾਕਿਆਂ ਵਿੱਚ ਆਵਾਜਾਈ ਨੂੰ ਨਿਯੰਤਰਿਤ ਰੱਖੋ।
- ਮਾਲਕ ਦਾ ਮੈਡੀਕਲ ਸਰਵਿਸ ਪ੍ਰੋਗਰਾਮ
  - ਮਾਲਕਾਂ ਨੂੰ ਡਾਕਟਰ ਜਾਂ ਹੋਰ ਹੈਲਥ ਕੇਅਰ ਪ੍ਰੋਫੈਸ਼ਨਲ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ।
  - ਮੈਡੀਕਲ ਜਾਂਚਾਂ, ਟੀਕੇ, ਦਵਾਈਆਂ, ਅਤੇ ਸਿਹਤ ਸੰਬੰਧੀ ਸੇਵਾਵਾਂ ਪ੍ਰਦਾਨ ਕਰੋ ਜਿਵੇਂ ਮਾਲਕ ਦੇ PLHCP ਅਤੇ ਨੈਸ਼ਨਲ, ਸਟੇਟ ਅਤੇ ਲੋਕਲ ਸਿਹਤ ਅਧਿਕਾਰੀਆਂ ਦੁਆਰਾ ਸਿਫਾਰਸ਼ ਕੀਤੀ ਗਈ ਹੈ।
- ਸੰਚਾਰ ਅਤੇ ਸਿਖਲਾਈ
  - ਜ਼ੂਨੋਟਿਕ ATD ਪਲੈਨ ਨੂੰ ਲਾਗੂ ਕਰਨ ਲਈ ਵਰਕਰਾਂ ਨੂੰ ਸਿਖਲਾਈ ਦਿਓ।
  - ਜਾਨਵਰਾਂ ਵਾਲੀ ਬਿਮਾਰੀਆਂ ਦੇ ਲੱਛਣ ਪਛਾਣਨ ਦੀ ਸਿਖਲਾਈ, ਜਿਵੇਂ ਜਾਨਵਰਾਂ ਦੀ ਮੌਤਾਂ ਵਿੱਚ ਵਾਧਾ ਜਾਂ ਉਨ੍ਹਾਂ ਦੇ ਖਾਣ-ਪੀਣ ਦੇ ਪੈਟਰਨ ਜਾਂ ਵਿਵਹਾਰ ਵਿੱਚ ਬਦਲਾਅ।
  - ਜ਼ੂਨੋਟਿਕ ATD ਦੇ ਖ਼ਤਰਿਆਂ ਤੋਂ ਬਚਾਉਣ ਲਈ ਵਰਕਰਾਂ ਨੂੰ ਸੁਰੱਖਿਆ ਉਪਕਰਨ ਬਾਰੇ ਦੱਸੋ, ਜਿਵੇਂ ਪਰਸਨਲ ਪ੍ਰੋਟੈਕਟਿਵ ਸਾਜ਼ੋ-ਸਮਾਨ (PPE), ਰੈਸਪਿਰੇਟਰੀ ਉਪਕਰਨ, ਅਤੇ ਹੋਰ ਨਿਯੰਤਰਣ ਉਪਾਅ।
  - ਵਰਕਰ ਆਪਣੀ ਸੁਰੱਖਿਆ ਲਈ ਕੰਮ ਕਰਨ ਦੇ ਇਹ ਤਰੀਕੇ ਅਪਣਾ ਸਕਦੇ ਹਨ, ਜਿਵੇਂ ਵਾਰ-ਵਾਰ ਹੱਥ ਧੋਣਾ, ਸਫਾਈ ਅਤੇ ਜਗ੍ਹਾਹਾਂ ਨੂੰ ਕੀਟਾਣੂ ਰਹਿਤ ਕਰਨ ਦੀਆਂ ਸਹੀ ਪ੍ਰਕਿਰਿਆਵਾਂ, ਅਤੇ ਹੋਰ ਸਫਾਈ ਸੰਬੰਧੀ ਕਿਰਿਆਵਾਂ।
  - ਮਾਲਕ ਦੀ ਕੰਮਕਾਜ ਨਾਲ ਜੁੜੀਆਂ ਚੋਟਾਂ ਅਤੇ ਬਿਮਾਰੀਆਂ ਦੀ ਜਾਂਚ ਕਰਨ ਦੀ ਪ੍ਰਕਿਰਿਆ।

(ਅਗਲੇ ਪੰਨੇ ਤੇ ਜਾਰੀ ਹੈ)

- ○ ਮਾਲਕ ਦੀ ਬਾਇਓਸੇਕਿਉਰਿਟੀ ਪ੍ਰਕਿਰਿਆ (ਜੇ ਲਾਗੂ ਹੋਵੇ)

- ਮਾਲਕ ਨੂੰ ਆਪਣੇ ਮੈਡੀਕਲ ਸਰਵਿਸ ਪ੍ਰੋਗਰਾਮ ਅਨੁਸਾਰ ਜਾਂਚ ਕਰਵਾਉਣੀ ਪੈਂਦੀ ਹੈ ਜੇ ਉਸ ਦੇ ਜ਼ਖਮ ਅਤੇ ਬਿਮਾਰੀ ਰੋਕਥਾਮ ਦੀਆਂ ਨੀਤੀਆਂ ਨਾਲ ਮਿਲਦੀ ਹੋਵੇ।

ਜੇ ਤੁਸੀਂ ਬਰਡ ਫਲੂ ਜਾਂ ਹੋਰ ਅਜਿਹੀਆਂ ਬਿਮਾਰੀਆਂ ਤੋਂ ਵਰਕਰਾਂ ਦੀ ਸੁਰੱਖਿਆ ਲਈ ਹੋਰ ਜਰੂਰੀ ਚੀਜ਼ਾਂ ਜਾਣਨੀ ਚਾਹੁੰਦੇ ਹੋ, ਤਾਂ ਪੂਰੀ ਰੈਗੂਲੇਸ਼ਨ, ਸੈਕਸ਼ਨ 5199.1 ਨੂੰ ਪੜ੍ਹਿਓ।

## ਜੇ ਕੋਈ ਵਰਕਰ ਬਰਡ ਫਲੂ ਦੇ ਲੱਛਣ ਦੱਸਦਾ ਹੈ ਤਾਂ ਮਾਲਕ ਨੂੰ ਕੀ ਕਰਨਾ ਚਾਹੀਦਾ ਹੈ?

- ਤੁਰੰਤ ਆਪਣੇ PLHCP ਨਾਲ ਸੰਪਰਕ ਕਰੋ ਜੇ ਤੁਹਾਡੇ ਮੈਡੀਕਲ ਸਰਵਿਸ ਦੇ ਪ੍ਰੋਗਰਾਮ ਦਾ ਪ੍ਰਬੰਧਨ ਕਰਦਾ ਹੈ ਅਤੇ ਆਪਣੇ ਸਥਾਨਕ ਪਬਲਿਕ ਹੈਲਥ ਵਿਭਾਗ ਦੇ ਕੰਮਿਊਨੀਕੇਬਲ ਡਿਸੀਜ਼ ਕੰਟ੍ਰੋਲਰ ਜਾਂ ਪਬਲਿਕ ਹੈਲਥ ਨਰਸ ਨਾਲ ਸੰਪਰਕ ਕਰੋ ਤਾਂ ਜੋ ਕਰਮਚਾਰੀ ਦਾ ਬਰਡ ਫਲੂ ਲਈ ਪਰੀਖਣ ਕਰਵਾਇਆ ਜਾ ਸਕੇ। ਬਰਡ ਫਲੂ ਦਾ ਪਤਾ ਲਗਾਉਣ ਲਈ ਟੈਸਟ ਕਰਵਾਉਣਾ ਜਰੂਰੀ ਹੈ। ਸਥਾਨਕ ਸਿਹਤ ਵਿਭਾਗ (LHD) ਤੁਹਾਡੇ, ਤੁਹਾਡੇ PLHCP, ਅਤੇ/ਜਾਂ ਵਰਕਰ ਨਾਲ ਮਿਲ ਕੇ ਟੈਸਟ ਕਰਨ ਦੇ ਲਈ ਠੀਕ ਜਗ੍ਹਾ ਦਾ ਪ੍ਰਬੰਧ ਕਰੇਗਾ। ਟੈਸਟ ਸਿਰਫ ਪਬਲਿਕ ਹੈਲਥ ਲੈਬ 'ਚ ਕਰਵਾਇਆ ਜਾ ਸਕਦਾ ਹੈ। (ਕਮਰਸ਼ੀਅਲ ਲੈਬ ਨਹੀਂ). ਮਾਲਕ ਦਾ PLHCP ਵਰਕਰ ਨੂੰ ਜਰੂਰੀ ਦੇਖਭਾਲ , ਇਲਾਜ ਅਤੇ ਲੋੜ ਪੈਣ 'ਤੇ ਰੈਫਰਲ ਦੇਵੇਗਾ। LHD ਤੁਹਾਨੂੰ ਸਹੀ ਇਲਾਜ ਅਤੇ ਸਿਹਤ ਸੇਵਾਵਾਂ ਦੀ ਪ੍ਰਾਪਤੀ ਬਾਰੇ ਹੋਰ ਜਾਣਕਾਰੀ ਦੇ ਸਕਦਾ ਹੈ। LHD ਨਾਲ ਸੰਪਰਕ ਕਰਨ ਦੀ ਜਾਣਕਾਰੀ CDPH LHD ਕੰਮਿਊਨੀਕੇਬਲ ਡਿਸੀਜ਼ ਕਨਟੈਕਟ ਲਿਸਟ 'ਚ ਮਿਲੇਗੀ।
- LHD ਨੂੰ ਹੈਲਥ ਕੇਅਰ ਪ੍ਰੋਵਾਈਡਰ ਨਾਲ ਜੋੜਨ ਤੋਂ ਬਾਅਦ, ਵਰਕਰ ਨੂੰ ਇੱਕ ਅਜਿਹੀ ਹੈਲਥ ਕੇਅਰ ਪ੍ਰੋਵਾਈਡਰ ਜਾਂ ਓਕਿਉਪੇਸ਼ਨਲ ਮੈਡੀਸਿਨ ਕਲਿਨਿਕ ਵਿੱਚ ਭੇਜੋ, ਜਿਥੇ ਸਟਾਫ਼ ਨੂੰ ਬਰਡ ਫਲੂ ਬਾਰੇ ਜਾਣਕਾਰੀ ਹੋਵੇ। ਜੇ ਕਿਸੇ ਵਰਕਰ ਨੂੰ ਕੰਮ ਕਰਦੇ ਹੋਏ ਬਿਮਾਰੀ ਜਾਂ ਚੋਟ ਲੱਗਦੀ ਹੈ, ਤਾਂ ਡਾਕਟਰ ਨੂੰ ਉਸ ਦੀ ਜਾਂਚ ਕਰਨ ਤੋਂ ਬਾਅਦ ਇੱਕ ਰਿਪੋਰਟ ਦੇਣੀ ਪੈਂਦੀ ਹੈ। ਇਹ ਰਿਪੋਰਟ "ਡਾਕਟਰ ਦੀ ਪਹਿਲੀ ਰਿਪੋਰਟ ਆਫ ਓਕੂਪੇਸ਼ਨਲ ਇੰਜਰੀ ਜਾਂ ਇੱਲਨੈੱਸ" (ਫਾਰਮ 5021) ਕਹੀ ਜਾਂਦੀ ਹੈ।

ਜਿਨ੍ਹਾਂ ਵਰਕਰਾਂ ਨੂੰ ਹਸਪਤਾਲ ਵਿੱਚ ਭਰਤੀ ਕੀਤਾ ਗਿਆ ਹੋਵੇ ਜਾਂ ਜਿਨ੍ਹਾਂ ਦੀ ਮੌਤ ਹੋ ਗਈ ਹੋਵੇ, ਉਨ੍ਹਾਂ ਸਾਰੇ ਮਾਮਲਿਆਂ ਨੂੰ Cal/OSHA ਨੂੰ ਰਿਪੋਰਟ ਕਰਨਾ ਜਰੂਰੀ ਹੈ। ਜਿੰਨ੍ਹਾਂ ਕਰਮਚਾਰੀਆਂ ਨੂੰ ਵਰਕਪਲੇਸ 'ਚ ਬਰਡ ਫਲੂ ਹੋਣ ਦਾ ਸੰਦੇਹ ਹੋਵੇ, ਉਨ੍ਹਾਂ ਲਈ "ਮਾਲਕ ਦੀ ਰਿਪੋਰਟ ਓਕੂਪੇਸ਼ਨਲ ਇੰਜਰੀ ਜਾਂ ਇੱਲਨੈਸ ਰਿਪੋਰਟ" (ਫਾਰਮ 5020) ਨੂੰ ਪੂਰਾ ਕਰਨਾ ਜਰੂਰੀ ਹੈ। ਸਾਰੇ ਮਾਮਲਿਆਂ ਨੂੰ Cal/OSHA ਦੇ ਲੌਗ 300 'ਚ ਦਰਜ ਕਰੋ।

### ਵਰਕਰਾਂ ਲਈ ਮੁਆਵਜ਼ਾ

ਜੇ ਕੋਈ ਵਰਕਰ ਕੰਮ ਕਰਦੇ ਹੋਏ ਬਰਡ ਫਲੂ ਨਾਲ ਇਨਫੈਕਟੇਡ ਹੋ ਜਾਂਦਾ ਹੈ, ਤਾਂ ਮਾਲਕ ਨੂੰ ਉਸਨੂੰ ਵਰਕਰਸ ਮੁਆਵਜ਼ਾ ਦੇਣਾ ਪਏਗਾ।

- ਵਰਕਰਾਂ ਨੂੰ ਇੱਕ - ਦੂਜੇ ਤੋਂ ਬਰਡ ਫਲੂ ਨਹੀਂ ਹੁੰਦਾ।
- ਜੋ ਵਰਕਰ ਕੰਮ 'ਤੇ ਜਾਨਵਰਾਂ ਨਾਲ ਸੰਪਰਕ ਵਿੱਚ ਆਉਂਦੇ ਹਨ, ਆਮ ਤੌਰ 'ਤੇ ਇਹ ਸਾਬਤ ਕਰ ਸਕਦੇ ਹਨ ਕਿ ਉਨ੍ਹਾਂ ਦੀ ਬੀਮਾਰੀ ਕੰਮ ਤੋਂ ਹੀ ਹੈ, ਜਦ ਤੱਕ ਬਰਡ ਫਲੂ ਉਨ੍ਹਾਂ ਨੂੰ ਕੰਮ ਤੋਂ ਬਾਹਰ ਕਿਤੇ ਹੋਰ ਨਾ ਹੋਇਆ ਹੋਵੇ।

ਵਰਕਰਜ਼ ਕੰਪਨਸੇਸ਼ਨ ਫਾਇਦੇ:

- **ਮੈਡੀਕਲ ਦੇਖਭਾਲ** – ਮਾਲਕ ਸਾਰੀ ਲੋੜੀਂਦੀ ਅਤੇ ਜਰੂਰੀ ਇਲਾਜੀ ਲਾਗਤਾਂ ਦਾ ਭੁਗਤਾਨ ਕਰਦਾ ਹੈ।
- **ਅਸਥਾਈ ਵਿਕਲਾਂਗਤਾ ਲਾਭ** – ਜੇ ਕਰਮਚਾਰੀ ਬੀਮਾਰੀ ਦੇ ਕਾਰਨ ਤਿੰਨ ਜਾਂ ਜ਼ਿਆਦਾ ਦਿਨ ਕੰਮ ਤੋਂ ਛੁੱਟੀ ਲੈਂਦਾ ਹੈ, ਤਾਂ ਮਾਲਕ ਉਸ ਦੀ ਖੋਈ ਹੋਈ ਮਜ਼ਦੂਰੀ ਦਾ ਕੁਝ ਹਿੱਸਾ ਭਰਦਾ ਹੈ।
- **ਪੱਕਾ ਵਿਕਲਾਂਗਤਾ ਲਾਭ** – ਜੇ ਬੀਮਾਰੀ ਕਿਸੇ ਵਿਅਕਤੀ ਨੂੰ ਸਦੀਵੀ ਨੁਕਸਾਨ ਦੇ ਗਈ ਹੈ ਜਾਂ ਅਸਮਰਥ ਬਣਾ ਗਈ ਹੈ।

### ਪੇਡ ਸਿਕ ਲੀਵ

ਮਾਲਕਾਂ ਨੂੰ ਵਰਕਰਾਂ ਨੂੰ ਪੇਡ ਸਿਕ ਲੀਵ ਦੇਣੀ ਜ਼ਰੂਰੀ ਹੈ।

ਮਾਲਕਾਂ ਨੂੰ ਵਰਕਰਾਂ ਨੂੰ 12 ਮਹੀਨੇ ਦੀ ਅਵਧੀ ਵਿੱਚ ਕਮਾਈ ਗਈ ਪੇਡ ਸਿੱਕ ਲੀਵ ਵਿੱਚੋਂ 40 ਘੰਟੇ ਜਾਂ 5 ਦਿਨ, ਜੋ ਵੀ ਵੱਧ ਹੋਵੇ, ਵਰਤਣ ਦੀ ਆਗਿਆ ਦੇਣੀ ਜ਼ਰੂਰੀ ਹੈ।

ਯੋਗਤਾ ਲਈ, ਵਰਕਰਾਂ ਦਾ:

- ਇੱਕ ਸਾਲ ਵਿੱਚ ਇੱਕੋ ਮਾਲਕ ਲਈ ਘੱਟੋ-ਘੱਟ 30 ਦਿਨ ਕੰਮ ਕੀਤਾ ਹੋਣਾ ਚਾਹੀਦਾ ਹੈ।

ਵਰਕਰ 90ਵੇਂ ਦਿਨ 'ਤੇ ਆਪਣੀ ਕਮਾਈ ਗਈ ਪੇਡ ਸਿੱਕ ਲੀਵ ਵਰਤਣ ਦਾ ਹੱਕਦਾਰ ਹੁੰਦਾ ਹੈ, ਹਾਲਾਂਕਿ ਮਾਲਕ ਲੋੜ ਪੈਣ 'ਤੇ ਅਕਾਊਂਟ ਤੋਂ ਪਹਿਲਾਂ ਹੀ ਪੇਡ ਸਿੱਕ ਲੀਵ ਦੇ ਸਕਦਾ ਹੈ।

(ਅਗਲੇ ਪੰਨੇ ਤੇ ਜਾਰੀ ਹੈ)

## ਮਾਲਕਾਂ ਲਈ ਸਰੋਤ

- Cal/OSHA
  - Cal/OSHA ਸਲਾਹ-ਮਸ਼ਵਰਾ ਸੇਵਾਵਾਂ
  - Cal/OSHA ਪ੍ਰਕਾਸ਼ਨ
  - ਏਵੀਅਨ ਇਨਫਲੂਐਂਜ਼ਾ ਤੋਂ ਸੁਰੱਖਿਆ
  - ਜ਼ੂਨੋਟਿਕ ਐਅਰਸੋਲ ਦੇ ਸੰਪਰਕ 'ਚ ਆਉਣਾ ਟਰਾਂਸਫਰ ਹੋਣ ਵਾਲੀਆਂ ਬਿਮਾਰੀਆਂ ਦੇ ਖ਼ਤਰੇ
  - ਜ਼ੂਨੋਟਿਕ ਏਰੋਸੋਲ ਟਰਾਂਸਫਰ ਹੋਣ ਵਾਲੀਆਂ ਬਿਮਾਰੀਆਂ ਦੇ ਖ਼ਤਰੇ ਨੂੰ ਹੱਲ ਕਰਨ ਲਈ ਮਾਡਲ ਇੰਜ਼ਰੀ ਅਤੇ ਇਲਨੈਸ ਪ੍ਰੀਵੈਂਸ਼ਨ ਪ੍ਰੋਗਰਾਮ।
- CDC ਇਨਫਲੂਐਂਜ਼ਾ (ਫਲੂ)
  - H5N1 ਬਰਡ ਫਲੂ: ਮੌਜੂਦਾ ਸਥਿਤੀ ਦਾ ਸੰਖੇਪ
  - ਬਰਡ ਫਲੂ ਬਾਰੇ ਜਾਣਕਾਰੀ
  - ਜਾਨਵਰਾਂ ਨਾਲ ਕੰਮ ਕਰਨ ਵਾਲਿਆਂ ਜਾਂ ਉਨ੍ਹਾਂ ਨਾਲ ਸੰਪਰਕ ਵਿੱਚ ਆਉਣ ਵਾਲਿਆਂ ਲਈ ਨੋਵੇਲ ਇਨਫਲੂਐਂਜ਼ਾ A ਦੇ ਖ਼ਤਰੇ ਨੂੰ ਘਟਾਉਣ ਲਈ ਮਾਲਕਾਂ ਲਈ ਅਸਥਾਈ ਦਿਸ਼ਾ - ਨਿਰਦੇਸ਼
- ਕੈਲਿਫੋਰਨੀਆ ਪਬਲਿਕ ਹੈਲਥ ਵਿਭਾਗ
  - ਏਵੀਅਨ ਅਤੇ ਨੋਵੇਲ ਇਨਫਲੂਐਂਜ਼ਾ ਕਵਿਕਸ਼ੀਟ
  - ਪਰਸਨਲ ਪ੍ਰੋਟੈਕਟਿਵ ਸਾਜੋ - ਸਮਾਨ (PPE) ਕਿਵੇਂ ਮੰਗਣਾ ਹੈ ਫਾਰਮ ਵਰਕਰਾਂ ਲਈ ਜੋ ਏਵੀਅਨ ਇਨਫਲੂਐਂਜ਼ਾ ਤੋਂ ਬਚਾਅ ਲਈ ਵਰਤਿਆ ਜਾਵੇ।
  - ਮੌਜੂਦਾ ਬਰਡ ਫਲੂ ਸਥਿਤੀ
- ਭੋਜਨ ਅਤੇ ਖੇਤੀ ਦਾ ਕੈਲੀਫੋਰਨੀਆ ਵਿਭਾਗ
  - ਏਵੀਅਨ ਫਲੂ ਅੱਪਡੇਟਸ
  - ਕਮਰਸ਼ਿਅਲ ਪੌਲਟਰੀ ਬਾਇਓਸਿਕੁਰਿਟੀ
  - ਹਾਈਲੀ ਪੈਥੋਜੈਨਿਕ ਏਵੀਅਨ ਇਨਫਲੂਐਂਜ਼ਾ (HPAI) H5N1 ਵਾਇਰਸ ਪਸ਼ੂਆਂ ਵਿੱਚ
- UC ਡੇਵਿਸ ਵੈਸਟਰਨ ਸੈਂਟਰ ਫ਼ੋਰ ਐਗ੍ਰੀਕਲਚਰਲ ਹੈਲਥ ਐਂਡ ਸੇਫਟੀ
  - ਫਾਰਮ ਵਰਕਰਾਂ ਨੂੰ ਬਰਡ ਫਲੂ ਨਾਲ ਸੰਪਰਕ ਤੋਂ ਰੋਕਣਾ

(ਅਗਲੇ ਪੰਨੇ ਤੇ ਜਾਰੀ ਹੈ)

# ਇੱਕ ਮਾਲਕ ਦੀਆਂ ਜ਼ੂਨੋਟਿਕ ਏਰੋਸੋਲ ਟਰਾਂਸਫਰ ਹੋਣ ਵਾਲੀਆਂ ਬਿਮਾਰੀਆਂ ਦੇ ਮਾਪਦੰਡ ਹੇਠ ਮੰਗਾਂ, ਕੈਲੀਫੋਰਨੀਆ ਕੋਡ ਆਫ ਰੈਗੂਲੇਸ਼ਨਜ਼, ਟਾਈਟਲ 8, ਸੈਕਸ਼ਨ 5199.1 ਅਧੀਨ, ਕਿਵੇਂ ਬਦਲ ਸਕਦੀਆਂ ਹਨ ਦਾ ਉਦਾਹਰਨ।

ਸਧਾਰਨ ਹਾਲਤਾਂ ਵਿੱਚ IIPP 5199.1(a)(2)(A) ਵਿੱਚ ਦਿੱਤੀਆਂ ਪ੍ਰਕਿਰਿਆਵਾਂ ਰਾਹੀਂ ਹੱਲ ਕਰੋ

→ ਜੰਗਲੀ ਪੰਛੀ ਵਿੱਚ ਬਰਡ ਫਲੂ ਪਛਾਣਿਆ ਗਿਆ →

ਵਰਕਰ ਆਪਣੀ ਪਰੌਪਰਟੀ 'ਤੇ ਮਰੇ ਹੋਏ ਜੰਗਲੀ ਪੰਛੀਆਂ ਨੂੰ ਇਕੱਠੇ ਕਰਕੇ ਡਿਸਪੋਜ਼ ਕਰਦੇ ਹਨ ਜੋ ਬਰਡ ਫਲੂ ਨਾਲ ਇਨਫੈਕਟੇਡ ਹੋ ਸਕਦੇ ਹਨ

→ ਮਾਲਕ ਵੀ ਸਬਸੈਕਸ਼ਨ 5199.1 (b) ਅਤੇ (e) ਦੇ ਤਹਿਤ ਕਵਰ ਕੀਤਾ ਗਿਆ ਹੈ।

↓ ਪੌਲਟਰੀ ਜਾਂ ਡੇਅਰੀ ਫਾਰਮਾਂ ਵਿੱਚ ਬਰਡ ਫਲੂ ਦਾ ਪ੍ਰਸਾਰ ਹੋਇਆ

CDFA ਨੇ ਮੂਵਮੈਂਟ ਰਿਸਟਰਿਕਸ਼ਨ ਆਰਡਰ ਜਾਰੀ ਕੀਤਾ ਜੋ ਮਾਲਕ ਨੂੰ ਪ੍ਰਭਾਵਿਤ ਕਰਦਾ ਹੈ

→ ਮਾਲਕ ਵੀ ਸਬਸੈਕਸ਼ਨ 5199.1 (c) ਅਤੇ (e) ਦੇ ਤਹਿਤ ਕਵਰ ਕੀਤਾ ਗਿਆ ਹੈ।

↓ ਮਾਲਕ ਦਾ ਪੌਲਟਰੀ ਬਰਡ ਫਲੂ ਨਾਲ ਇੰਫੈਕਟੇਡ ਹੋ ਜਾਂਦਾ ਹੈ

ਵਰਕਰਾਂ ਨੂੰ ਇਨਫੈਕਟੇਡ ਜਾਨਵਰਾਂ ਨੂੰ ਸੰਭਾਲਣ, ਮਾਰਨ ਜਾਂ ਨਸ਼ਟ ਕਰਨ ਜਾਂ ਜਾਨਵਰਾਂ ਦੇ ਖੇਤਰ ਜਾਂ ਉਨ੍ਹਾਂ ਦੇ ਮਲ - ਮੂਤਰ ਨੂੰ ਸਾਫ਼ ਕਰਨ ਦਾ ਕੰਮ ਦਿੱਤਾ ਜਾਂਦਾ ਹੈ।

↓

ਮਾਲਕ ਨੂੰ 5199.1 (d) ਅਤੇ (e) ਦੇ ਸਬਸੈਕਸ਼ਨ ਵਿੱਚ ਵੀ ਕਵਰ ਕੀਤਾ ਜਾਂਦਾ ਹੈ।

ਜੇ ਇਹ ਸਾਰੀਆਂ ਹਾਲਤਾਂ ਇਕੱਠੇ ਮੌਜੂਦ ਹਨ, ਤਾਂ ਮਾਲਕ 5199.1 (a), (b), (c), (d), ਅਤੇ (e) ਤਹਿਤ ਕਵਰ ਹੋਇਆ ਹੋਇਆ ਹੈ।

ਨਵੰਬਰ 2024


© 2024 ਕੈਲੀਫੋਰਨੀਆ ਉਦਯੋਗਿਕ ਸੰਬੰਧਾਂ ਦਾ ਵਿਭਾਗ